بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْکَرِیْمِ وَعَلٰی عَبْدِهِ الْمَسِیْحِ الْمَوْعُوْد
لَا إِلٰهَ إِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਮਰੀਸਏ ਦੇ ਹਾਲਾਤ, ਉਸ ਸਮੇਂ ਵਾਪਰਨ ਵਾਲੇ ਕਿੱਸੇ ਅਤੇ ਬੰਗਲਾਦੇਸ਼ ਤੇ ਪਾਕਿਸਤਾਨ ਦੇ ਅਹਮਦੀਆਂ ਅਤੇ ਮਿਡਲ ਈਸਟ ਦੇ ਮੁਸਲਮਾਨਾਂ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 09 ਅਗਸਤ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

**ਤਸ਼ਹੁੱਦ, ਤਾਉਜ਼ ਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ**

**ਜੰਗੇ ਮਰੀਸਏ ਦੇ ਹਵਾਲੇ ਨਾਲ ਜ਼ਿਕਰ ਹੋ ਰਿਹਾ ਸੀ। ਇਹ ਵੀ ਜ਼ਿਕਰ ਹੋਇਆ ਸੀ ਕਿ ਅਬਦੁੱਲਾਹ ਬਿਨ ਉਬਯੀ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਸੰਬੰਧੀ ਗਲਤ ਗੱਲ੍ਹਾਂ ਕੀਤੀਆਂ ਅਤੇ ਮੁਨਾਫ਼ਿਕਾਂ ਵਾਲਾ ਵਤੀਰਾ ਰੱਖਿਆ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਸੀਰਤ ਖਾਤਮੁਨੱਬੀਯੀਨ ਵਿੱਚ ਇਸ ਕਿੱਸੇ ਦਾ ਵਿਸਥਾਰ ਬਿਆਨ ਕਰਦੇ ਹੋਏ ਲਿੱਖਿਆ ਹੈ ਕਿ ਜੰਗ ਖਤਮ ਹੋਣ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਕੁੱਝ ਦਿਨ ਤੱਕ ਮਰੀਸਏ ਵਿੱਚ ਰੁਕੇ। ਪਰ ਇਸ ਦੌਰਾਨ ਮੁਨਾਫ਼ਿਕਾਂ ਵਲੋਂ ਅਜਿਹਾ ਅਯੋਗ ਕਿੱਸਾ ਵਾਪਰਿਆ। ਜਿਸ ਨਾਲ ਕਰੀਬ ਸੀ ਕਿ ਕਮਜ਼ੋਰ ਮੁਸਲਮਾਨਾਂ ਵਿੱਚ ਖਾਨਾ ਜੰਗੀ ਤੱਕ ਗੱਲ੍ਹ ਪਹੁੰਚ ਜਾਂਦੀ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਸੂਝ ਬੂਝ ਨੇ ਉਸ ਦੇ ਖਤਰਨਾਕ ਸਿੱਟਿਆਂ ਤੋਂ ਮੁਸਲਮਾਨਾਂ ਨੂੰ ਬੱਚਾ ਲਿਆ।**

**ਕਿੱਸਾ ਇੰਝ ਹੋਇਆ ਕਿ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਦਾ ਇੱਕ ਨੌਕਰ ਜਹਜਾਹ ਨਾਮੀ ਮਰੀਸਏ ਦੇ ਇੱਕ ਚਸ਼ਮੇ ਉੱਤੇ ਪਾਣੀ ਲੈਣ ਗਿਆ ਤਾਂ ਅਚਾਨਕ ਉਸੇ ਸਮੇਂ ਇੱਕ ਦੂਜਾ ਵਿਅਕਤੀ ਸਨਾਨ ਨਾਮੀ ਵੀ ਉੱਥੇ ਪਾਣੀ ਲੈਣ ਪਹੁੰਚਾ। ਚਸ਼ਮੇ ਉੱਤੇ ਇਹ ਦੋਵੇਂ ਵਿਅਕਤੀ ਆਪਸ ਵਿੱਚ ਲੜ੍ਹ ਪਏ। ਜਹਜਾਹ ਨੇ ਸਨਾਨ ਨੂੰ ਇੱਕ ਚੋਟ ਲਾ ਦਿੱਤੀ। ਸਨਾਨ ਨੇ ਜ਼ੋਰ ਨਾਲ ਚੀਕਣਾ ਸ਼ੁਰੂ ਕਰ ਦਿੱਤਾ ਕਿ ਹੇ ਅੰਨਸਾਰ ਦੇ ਲੋਕੋਂ! ਮੇਰੀ ਮਦਦ ਲਈ ਆਓ। ਜੱਦ ਜਹਜਾਹ ਨੇ ਇਹ ਵੇਖਿਆ ਤਾਂ ਉਸ ਨੇ ਵੀ ਮੁਹਾਜਿਰਾਂ ਨੂੰ ਆਪਣੀ ਮਦਦ ਲਈ ਸੱਦਿਆ। ਜਿਨ੍ਹਾਂ ਅੰਨਸਾਰ ਤੇ ਮੁਹਾਜਿਰਾਂ ਦੇ ਕੰਨਾਂ ਵਿੱਚ ਇਹ ਆਵਾਜ਼ ਪਹੁੰਚੀ। ਉਹ ਤਲਵਾਰਾਂ ਲੈ ਕੇ ਚਸ਼ਮੇ ਵੱਲ੍ਹ ਲਪਕੇ ਅਤੇ ਵੇਖਦੇ ਵੇਖਦੇ ਉੱਥੇ ਚੰਗਾ ਖਾਸਾ**

ਇਕੱਠ ਹੋ ਗਿਆ । ਕਰੀਬ ਸੀ ਕਿ ਦੋਵੇਂ ਜੱਥੇ ਇੱਕ ਦੂਜੇ ਉੱਤੇ ਹਮਲਾ ਕਰ ਦਿੰਦੇ । ਅਜਿਹੇ ਵਿੱਚ ਕੁੱਝ ਸਮਝਦਾਰ ਲੋਕਾਂ ਨੇ ਮੁਹਾਜਿਰਾਂ ਅਤੇ ਅੰਨਸਾਰ ਨੂੰ ਵੱਖ ਵੱਖ ਕਰਕੇ ਸੁਲਾਹ ਸਫਾਈ ਕਰਵਾ ਦਿੱਤੀ ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੱਕ ਇਹ ਗੱਲ੍ਹ ਪਹੁੰਚੀ ਤਾਂ ਆਪ ਨੇ ਇਸ ਨੂੰ ਜਹਾਲਤ ਦਾ ਪ੍ਰਗਟਾਵਾ ਕਿਹਾ ਅਤੇ ਨਾਰਾਜ਼ਗੀ ਪ੍ਰਕਟ ਕੀਤੀ । ਜੱਦ ਮੁਨਾਫ਼ਿਕਾਂ ਦੇ ਸਰਦਾਰ ਅਬਦੁੱਲਾਹ ਬਿਨ ਊਬਯੀ ਬਿਨ ਸਲੂਲ ਨੂੰ ਇਸ ਕਿੱਸੇ ਦੀ ਖਬਰ ਪਹੁੰਚੀ ਤਾਂ ਉਸ ਨੇ ਇਸ ਫ਼ਸਾਦ ਨੂੰ ਫਿਰ ਜਗਾਉਣਾ ਚਾਹਿਆ । ਉਸ ਨੇ ਆਪਣੇ ਸਾਥੀਆਂ ਨੂੰ ਆਂਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਅਤੇ ਮੁਸਲਮਾਨਾਂ ਦੇ ਖਿਲਾਫ ਖੂਬ ਉਕਸਾਇਆ ਅਤੇ ਇੱਥੇ ਤੱਕ ਕਿਹਾ ਕਿ ਜੱਦ ਅਸੀਂ ਮਦੀਨਾ ਜਾਵਾਂਗੇ ਤਾਂ ਇੱਜ਼ਤ ਵਾਲਾ ਵਿਅਕਤੀ ਜਾਂ ਜੱਥਾ ਜ਼ਲੀਲ ਵਿਅਕਤੀ ਜਾਂ ਜੱਥੇ ਨੂੰ ਸ਼ਹਿਰ ਵਿੱਚੋਂ ਕੱਢ ਦੇਵੇਗਾ । ਉਸ ਸਮੇਂ ਇੱਕ ਸ਼ਰਧਾਵਾਨ ਮੁਸਲਮਾਨ ਬੱਚਾ ਜ਼ੈਦ ਬਿਨ ਅਰਕਮ ਰਜ਼ੀ ਅੱਲਾਹ ਅੰਨਹੁ ਉੱਥੇ ਮੌਜੂਦ ਸਨ । ਉਸ ਨੇ ਇਹ ਸ਼ਬਦ ਸੁਣੇ ਤਾਂ ਛੇਤੀ ਨਾਲ ਆਪਣੇ ਚਾਚਾ ਰਾਹੀਂ ਇਸ ਗੱਲ੍ਹ ਦੀ ਖਬਰ ਆਂਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨੂੰ ਪਹੁੰਚਾ ਦਿੱਤੀ । ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਇਹ ਸ਼ਬਦ ਸੁਣੇ ਤਾਂ ਗੁੱਸੇ ਨਾਲ ਭਰ ਗਏ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੋਂ ਅਬਦੁੱਲਾਹ ਬਿਨ ਊਬਯੀ ਦੇ ਕਤਲ ਦੀ ਆਗਿਆ ਮੰਗੀ । ਪਰ ਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨੇ ਨਰਮੀ ਦਾ ਆਦੇਸ਼ ਦਿੱਤਾ ਅਤੇ ਅਬਦੁੱਲਾਹ ਅਤੇ ਉਸ ਦੇ ਸਾਥੀਆਂ ਨੂੰ ਸੱਦਿਆ । ਉਹਨਾਂ ਨੇ ਸੌਂਹ ਖਾਦੀ ਕਿ ਅਸੀਂ ਅਜਿਹੀ ਕੋਈ ਗੱਲ੍ਹ ਨਹੀਂ ਕੀਤੀ । ਆਂਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨੇ ਉਸੇ ਸਮੇਂ ਚੱਲਣ ਦਾ ਹੁਕਮ ਦਿੱਤਾ ਅਤੇ ਮੁਸਲਮਾਨ ਲਸ਼ਕਰ ਚੱਲ ਪਿਆ । ਇਸ ਮੌਕੇ ਉੱਤੇ ਉਸੇਦ ਬਿਨ ਹਜ਼ੀਰ ਰਜ਼ੀ ਅੱਲਾਹ ਅੰਨਹੁ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਛੇਤੀ ਨਾਲ ਇਸ ਸਮੇਂ ਚੱਲਣ ਸੰਬੰਧੀ ਪੁੱਛਿਆ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਤੁਸੀਂ ਅਬਦੁੱਲਾਹ ਬਿਨ ਊਬਯੀ ਦੇ ਸ਼ਬਦ ਨਹੀਂ ਸੁਣੇ ਉਸੇਦ ਨੇ ਕਿਹਾ ਕਿ ਹਾਂ, ਹੇ ਅੱਲਾਹ ਦੇ ਰਸੂਲ ! ਆਪ ਚਾਹੁਣ ਤਾਂ ਮਦੀਨਾ ਪਹੁੰਚ ਕੇ ਅਬਦੁੱਲਾਹ ਬਿਨ ਊਬਯੀ ਨੂੰ ਸ਼ਹਿਰੋਂ ਕੱਢ ਸਕਣੇ ਆ ।

ਜੱਦ ਅਬਦੁੱਲਾਹ ਬਿਨ ਊਬਯੀ ਦੇ ਬੇਟੇ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਆਂਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨੂੰ ਕਿਹਾ ਕਿ ਹੇ ਅੱਲਾਹ ਦੇ ਰਸੂਲ ! ਆਪ ਮੈਨੂੰ ਹੁਕਮ ਦਿਓ ਤਾਂ ਮੈਂ ਹੁਣੇ ਅਬਦੁੱਲਾਹ ਬਿਨ ਊਬਯੀ ਦਾ ਸਿਰ ਆਪ ਦੀ ਸੇਵਾ ਵਿੱਚ ਪੇਸ਼ ਕਰਾਂ । ਆਂਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਨ ਮੈਂ ਉਸ ਦੇ ਕਤਲ ਦਾ ਇਰਾਦਾ ਕੀਤਾ ਹੈ ਅਤੇ ਨ ਕਿਸੇ ਨੂੰ ਅਜਿਹਾ ਹੁਕਮ ਦਿੱਤਾ ਹੈ । ਅਸੀਂ ਜ਼ਰੂਰ ਉਸ ਨਾਲ ਚੰਗਾ ਸਲੂਕ ਕਰਾਂਗੇ । ਇਸ ਸਫ਼ਰ ਦੇ ਦੌਰਾਨ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਉੱਤੇ ਵਹੀ ਉੱਤਰੀ । ਜਿਸ ਨਾਲ ਜ਼ੈਦ ਬਿਨ ਅਰਕਮ ਦੀ ਗੱਲ੍ਹ ਦੀ ਤਸਦੀਕ ਹੋ ਗਈ

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਇਹ ਸਾਰਾ ਕਿੱਸਾ ਬਿਆਨ ਕਰਕੇ ਫ਼ਰਮਾਉਂਦੇ ਹਨ ਕਿ ਜੱਦ ਇਸਲਾਮੀ ਲਸ਼ਕਰ ਮਦੀਨਾ ਦੇ ਕਰੀਬ ਪਹੁੰਚਾ ਤਾਂ ਅਬਦੁੱਲਾਹ ਬਿਨ ਊਬਯੀ ਦੇ ਬੇਟੇ

ਨੇ ਅੱਗੇ ਵੱਧ ਕੇ ਆਪਣੇ ਬਾਪ ਦਾ ਰਾਹ ਰੋਕ ਲਿਆ ਅਤੇ ਕਿਹਾ ਕਿ ਮੈਂ ਤੁਹਾਨੂੰ ਮਦੀਨੇ ਵਿੱਚ ਦਾਖਲ ਨਹੀਂ ਹੋਣ ਦਿਆਂਗਾ। ਇੱਥੇ ਤੱਕ ਕਿ ਤੁਸੀਂ ਉਹ ਸ਼ਬਦ ਵਾਪਸ ਨ ਲਓ। ਜੋ ਤੁਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਖਿਲਾਫ ਵਰਤੇ ਹਨ। ਜਿਸ ਮੂੰਹ ਤੋਂ ਇਹ ਗੱਲ੍ਹ ਨਿਕਲੀ ਹੈ ਕਿ ਰੱਬ ਦਾ ਨਬੀ ਜ਼ਲੀਲ ਹੈ ਅਤੇ ਤੁਸੀਂ ਮਾਣਯੋਗ ਹੋ। ਉਸੇ ਮੂੰਹੋਂ ਤੁਸੀਂ ਇਹ ਗੱਲ੍ਹ ਕਹੋ ਕਿ ਰੱਬ ਦਾ ਨਬੀ ਮਾਣਯੋਗ ਅਤੇ ਤੁਸੀਂ ਜ਼ਲੀਲ ਹੋ। ਅਬਦੁੱਲਾਹ ਬਿਨ ਉਬਯੀ ਬਿਨ ਸਲੂਲ ਹੈਰਾਨ ਅਤੇ ਡਰ ਨਾਲ ਭਰ ਗਿਆ ਅਤੇ ਕਹਿਣ ਲੱਗਿਆ ਕਿ ਹੇ ਮੇਰੇ ਬੇਟੇ! ਮੈਂ ਤੁਹਾਡੇ ਨਾਲ ਸਹਿਮਤ ਹਾਂ। ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਮਾਣਯੋਗ ਹਨ ਅਤੇ ਮੈਂ ਜ਼ਲੀਲ ਹਾਂ। ਨੌਜਵਾਨ ਅਬਦੁੱਲਾਹ ਨੇ ਇਸ ਗੱਲ੍ਹ ਉੱਤੇ ਆਪਣੇ ਬਾਪ ਨੂੰ ਛੱਡਿਆ

ਇਸ ਸਫ਼ਰ ਦੇ ਦੌਰਾਨ ਹਜ਼ੂਰ ਸੱਲਲਾਹੁ ਅਲੈਹਿ ਵੱਸਲਮ ਦੀ ਊਠਨੀ ਵੀ ਗੁਆਚ ਗਈ ਸੀ। ਮੁਨਾਫ਼ਿਕਾਂ ਵਿੱਚੋਂ ਇੱਕ ਵਿਅਕਤੀ ਇਸ ਉੱਤੇ ਖੁਸ਼ੀਆਂ ਮਨਾਉਣ ਲੱਗਿਆ ਅਤੇ ਉਸ ਨੇ ਇੱਕ ਮਜਲਿਸ ਵਿੱਚ ਕਿਹਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਤਾਂ ਗੈਬ ਦੀ ਵੱਡੀ ਵੱਡੀ ਖਬਰਾਂ ਮਿਲ ਜਾਂਦੀਆਂ ਹਨ ਤਾਂ ਕੀ ਇਸ ਊਠਨੀ ਸੰਬੰਧੀ ਪਤਾ ਨਹੀਂ ਲੱਗ ਸਕਦਾ। ਮਜਲਿਸ ਵਿੱਚ ਮੌਜੂਦ ਲੋਕਾਂ ਨੇ ਉਸ ਦੀਆਂ ਗੱਲ੍ਹਾਂ ਸੁਣਿਆ ਤਾਂ ਉਸ ਨੂੰ ਆਪਣੇ ਤੋਂ ਵੱਖ ਕਰ ਦਿੱਤਾ। ਉਹ ਵਿਅਕਤੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਮਜਲਿਸ ਵਿੱਚ ਪਹੁੰਚਾ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਇਸ ਕਿੱਸੇ ਉੱਤੇ ਇੱਕ ਵਿਅਕਤੀ ਖੁਸ਼ੀਆਂ ਮਨਾ ਰਿਹਾ ਹੈ। ਗੈਬ ਦਾ ਇਲਮ ਕੇਵਲ ਰੱਬ ਨੂੰ ਹੈ ਅਤੇ ਉਸ ਨੇ ਮੈਨੂੰ ਉਸ ਊਠਨੀ ਸੰਬੰਧੀ ਦੱਸ ਦਿੱਤਾ ਹੈ। ਉਹ ਸਾਮ੍ਹਣੇ ਉਸ ਘਾਟੀ ਵਿੱਚ ਹੈ ਇਸ ਉੱਤੇ ਉਹ ਮੁਨਾਫ਼ਿਕ ਹੈਰਾਨ ਰਹਿ ਗਿਆ ਅਤੇ ਬਹੁਤ ਸ਼ਰਮਿੰਦਾ ਹੋਇਆ। ਉਸ ਨੇ ਆਪਣੇ ਸਾਥੀਆਂ ਦੀ ਮਜਲਿਸ ਵਿੱਚ ਕਿਹਾ ਕਿ ਮੈਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਮਾਮਲੇ ਵਿੱਚ ਸ਼ੱਕ ਸੀ। ਪਰ ਅੱਜ ਸਾਰੇ ਸ਼ੱਕ ਦੂਰ ਹੋ ਗਏ ਅਤੇ ਜਿਵੇਂ ਕਿ ਅੱਜ ਹੀ ਮੁਸਲਮਾਨ ਹੋਇਆ ਹਾਂ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਸ ਦਾ ਹੋਰ ਵਿਸਥਾਰ ਅਤੇ ਇਸ ਸੰਬੰਧੀ ਕਿੱਸੇ ਅੱਗੇ ਬਿਆਨ ਹੋਣਗੇ ਇੰਸ਼ਾ-ਅੱਲਾਹ। ਫ਼ਰਮਾਇਆ : ਇਸ ਸਮੇਂ ਮੈਂ ਬੰਗਲਾਦੇਸ਼ ਦੇ ਹਾਲਾਤਾਂ ਸੰਬੰਧੀ ਵੀ ਕੁੱਝ ਕਹਿਣਾ ਚਾਹੁਣਾ ਹਾਂ। ਹਕੂਮਤ ਦੇ ਖਿਲਾਫ ਉੱਥੇ ਫ਼ਸਾਦ ਹੋਇਆ ਸੀ। ਹਕੂਮਤ ਤਾਂ ਖਤਮ ਹੋ ਗਈ। ਪਰ ਫ਼ਸਾਦ ਜਾਰੀ ਹੈ। ਕੱਲ੍ਹ ਤੋਂ ਹਾਲਾਤ ਕੁੱਝ ਚੰਗੇ ਹੋਏ ਹਨ। ਇਹਨਾਂ ਹਾਲਾਤਾਂ ਤੋਂ ਜਮਾਤ ਵਿਰੋਧੀ ਜੱਥਿਆਂ ਨੇ ਲਾਭ ਚੁੱਕ ਕੇ ਅਹਮਦੀਆਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਸਾਡੀਆਂ ਕੁੱਝ ਮਸਜਿਦਾਂ ਵਿੱਚ ਤੋੜ ਫੋੜ ਕੀਤੀ ਗਈ ਅਤੇ ਉਹਨਾਂ ਨੂੰ ਜਲਾਇਆ ਗਿਆ। ਜਾਮੀਆ ਅਹਮਦੀਆ ਅਤੇ ਜਮਾਤੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਉੱਥੇ ਤੋੜ ਫੋੜ ਕੀਤੀ ਗਈ ਅਤੇ ਸਮਾਨ ਜਲਾਇਆ ਗਿਆ। ਕਈ ਅਹਮਦੀ ਜ਼ਖਮੀ ਹੋਏ ਹਨ। ਉਹਨਾਂ ਦੇ ਘਰਾਂ ਨੂੰ ਸਾੜ ਦਿੱਤਾ ਹੈ, ਨੁਕਸਾਨ ਪਹੁੰਚਾਇਆ ਹੈ। ਕੁੱਝ ਘਰਾਂ ਨੂੰ ਸੰਪੂਰਨ ਸਾੜਣ ਦਿਆਂ ਖਬਰਾਂ ਹਨ।

ਅਹਮਦੀਆਂ ਨੂੰ ਉਸ ਇਲਾਕੇ ਵਿੱਚ ਜਲਸੇ ਦੇ ਦੌਰਾਨ ਦੋ ਵਾਰ ਨੁਕਸਾਨ ਚੁੱਕਣਾ ਪਿਆ ਹੈ। ਪਰ ਉਹਨਾਂ ਦੇ ਈਮਾਨ ਵਿੱਚ ਕੋਈ ਫ਼ਰਕ ਨਹੀਂ ਪਿਆ। ਰੱਬ ਦੇ ਫ਼ਜ਼ਲ ਨਾਲ ਈਮਾਨ ਵਿੱਚ ਮਜ਼ਬੂਤ ਹਨ ਅਤੇ ਉਹਨਾਂ ਨੇ ਕਿਹਾ ਹੈ ਕਿ ਰੱਬ ਲਈ ਅਸੀਂ ਇਹ ਸਭ ਜਰ ਲੈਣਗੇ। ਰੱਬ ਰਹਿਮ ਅਤੇ ਫ਼ਜ਼ਲ ਫ਼ਰਮਾਏ ਅਤੇ ਅਹਮਦੀਆਂ ਨੂੰ ਆਪਣੀ ਹਿਫਾਜ਼ਤ ਵਿੱਚ ਰੱਖੇ। ਵਿਰੋਧੀਆਂ ਦੀ ਪਕੜ ਫ਼ਰਮਾਏ।

ਇੰਝ ਹੀ ਪਾਕਿਸਤਾਨ ਦੇ ਅਹਮਦੀਆਂ ਲਈ ਦੁਆ ਕਰੋ। ਉੱਥੇ ਵੀ ਫਿਰ ਸਖਤ ਹਾਲਾਤ ਪੈਦਾ ਹੋ ਗਏ ਹਨ। ਰੱਬ ਉਹਨਾਂ ਨੂੰ ਵੀ ਹਰ ਪ੍ਰਕਾਰ ਦੇ ਨੁਕਸਾਨ ਤੋਂ ਬਚਾਏ। ਅੱਜ ਕੱਲ੍ਹ ਮੌਲਵੀ ਅਤੇ ਆਪਣਾ ਲਾਭ ਭਾਲਣ ਵਾਲੇ ਲੋਕ ਅਹਮਦੀਆਂ ਦੇ ਖਿਲਾਫ ਬਹੁਤ ਸਰਗਰਮ ਹਨ। ਰੱਬ ਅਤੇ ਉਸ ਦੇ ਰਸੂਲ ਸੱਲਲਾਹੁ ਅਲੈਹਿ ਵੱਸਲਮ ਦੇ ਨਾਂ ਉੱਤੇ ਇਹ ਲੋਕ ਜ਼ੁਲਮ ਕਰ ਰਹੇ ਹਨ। ਰੱਬ ਉਹਨਾਂ ਦੀ ਪਕੜ ਦੇ ਵੀ ਜਲਦ ਸਮਾਨ ਫ਼ਰਮਾਏ।

ਮਿਡਲ ਈਸਟ ਦੇ ਮੁਸਲਮਾਨਾਂ ਲਈ ਵੀ ਦੁਆ ਕਰੋ। ਰੱਬ ਜ਼ੁਲਮ ਕਰਨ ਵਾਲਿਆਂ ਦੀ ਪਕੜ ਕਰੇ ਅਤੇ ਇਹ ਜ਼ੁਲਮ ਖਤਮ ਹੋਵੇ। ਆਮ ਤੌਰ ਉੱਤੇ ਮੁਸਲਮਾਨ ਦੁਨੀਆਂ ਲਈ ਦੁਆ ਕਰੋ। ਇਹ ਆਪਸ ਵਿੱਚ ਜੋ ਜ਼ੁਲਮ ਕਰ ਰਹੇ ਹਨ। ਇਹ ਖਤਮ ਹੋਵੇ ਅਤੇ ਇਹ ਰੱਬ ਤੋਂ ਹਕੀਕੀ ਸੰਬੰਧੀ ਪੈਦਾ ਕਰਨ ਵਾਲੇ ਹੋਣ। ਜ਼ਮਾਨੇ ਦੇ ਇਮਾਮ ਨੂੰ ਮੰਨਨ ਵਾਲੇ ਹੋਣ। ਇਹੀ ਉਹਨਾਂ ਦੀ ਜ਼ਿੰਦਗੀ ਅਤੇ ਮੁਕਤੀ ਦੀ ਰਾਹ ਹੈ।

ਅੰਤ ਵਿੱਚ ਹਜ਼ੂਰੇ ਅਨਵਰ ਨੇ ਦੋ ਸਵਰਗਵਾਸੀਆਂ ਦਾ ਜ਼ਿਕਰ ਫ਼ਰਮਾਇਆ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ :

ਪਹਿਲੇ ਸ੍ਰੀਮਾਨ ਡਾਕਟਰ ਜ਼ਕਾ-ਉਰ-ਰਹਿਮਾਨ ਸਾਹਿਬ ਸ਼ਹੀਦ ਸਪੁੱਤਰ ਸ੍ਰੀਮਾਨ ਚੌਧਰੀ ਅਬਦੁੱਰ-ਰਹਿਮਾਨ ਸਾਹਿਬ ਲਾਲਾ ਮੂਸਾ ਜ਼ਿਲ੍ਹਾ ਗੁਜਰਾਤ। ਉਹਨਾਂ ਨੂੰ ਜਲਸੇ ਦੇ ਦਿਨਾਂ ਵਿੱਚ 53 ਸਾਲ ਦੀ ਉਮਰ ਵਿੱਚ ਸ਼ਹੀਦ ਕੀਤਾ ਗਿਆ। ਆਪ ਨੇ ਆਪਣੇ ਪਿੱਛੇ ਪਤਨੀ, ਇੱਕ ਮੁੰਡਾ ਅਤੇ 03 ਕੁੜੀਆਂ ਯਾਦਗਾਰ ਛੱਡੇ ਹਨ।

ਦੂਜੀ ਸ੍ਰੀਮਤੀ ਸਈਦਾ ਬਸ਼ੀਰ ਸਾਹਿਬਾ ਪਤਨੀ ਸ੍ਰੀਮਾਨ ਮਲਿਕ ਬਸ਼ੀਰ ਅਹਮਦ ਸਾਹਿਬ। ਆਪ ਮਲਿਕ ਗੁਲਾਮ ਅਹਮਦ ਸਾਹਿਬ ਮੁਰੱਬੀ ਸਿਲਸਿਲਾ ਘਾਨਾ ਦੀ ਮਾਤਾ ਸਨ। ਜੋ ਡਿਯੂਟੀ ਉੱਤੇ ਹੋਣ ਕਰਕੇ ਆਪਣੀ ਮਾਂ ਦੇ ਜਨਾਜ਼ੇ ਵਿੱਚ ਸ਼ਾਮਿਲ ਨਹੀਂ ਹੋ ਸਕੇ।

ਹਜ਼ੂਰੇ ਅਨਵਰ ਨੇ ਸਵਰਗਵਾਸੀਆਂ ਦੀ ਬਖਸ਼ਿਸ਼ ਅਤੇ ਦਰਜਾਤ ਬੁਲੰਦ ਹੋਣ ਲਈ ਦੁਆ ਕੀਤੀ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّآ اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ